ਮਿੱਠੇ ਬੱਚੇ:- ਤਨ - ਮਨ - ਧਨ ਅਤੇ ਮਨਸਾ - ਵਾਚਾ - ਕਰਮਣਾ ਇਵੇਂ ਸਰਵਿਸ ਕਰੋ ਜੋ 21 ਜਨਮਾਂ ਦਾ ਬਾਪ ਤੋਂ ਏਵਜ਼ਾ ਮਿਲੇ ਪਰ ਸਰਵਿਸ ਵਿੱਚ ਕਦੀ ਆਪਸ ਵਿੱਚ ਅਣਬਨੀ ਨਹੀਂ ਹੋਣੀ ਚਾਹੀਦੀ "

ਪ੍ਰਸ਼ਨ:- ਡਰਾਮਾ ਅਨੁਸਾਰ ਬਾਬਾ ਜੋ ਸਰਵਿਸ ਕਰ ਰਹੇ ਹਨ ਉਸ ਵਿੱਚ ਹੋਰ ਤੇਜੀ ਲਿਆਉਣ ਦੀ ਵਿਧੀ ਕੀ ਹੈ?

ਉੱਤਰ:- ਆਪਸ ਵਿੱਚ ਇਕਮੱਤ ਹੋ, ਕਦੇ ਕੋਈ ਖਿੱਟ - ਖਿੱਟ ਨਾ ਹੋਵੇ। ਜੇਕਰ ਖਿੱਟ - ਖਿੱਟ ਹੋਵੇਗੀ ਤਾਂ ਸਰਵਿਸ ਕੀ ਕਰਣਗੇ ਇਸਲਈ ਆਪਸ ਵਿੱਚ ਮਿਲਕੇ ਸੰਗਠਨ ਬਣਾਕੇ ਸਲਾਹ ਕਰੋ, ਇੱਕ ਦੋ ਦੇ ਮਦਦਗਾਰ ਬਣੋ। ਬਾਬਾ ਤਾਂ ਮਦਦਗਾਰ ਹਨ ਹੀ ਪਰ ਹਿੰਮਤੇ ਬੱਚੇ ਮਦਦ ਬਾਪ ਇਸ ਦੇ ਅਰਥ ਨੂੰ ਚੰਗੀ ਤਰ੍ਹਾਂ ਸਮਝ ਕੇ ਵੱਡੇ ਕੰਮ ਵਿੱਚ ਮਦਦਗਾਰ ਬਣੋ।

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚੇ ਇੱਥੇ ਆਉਂਦੇ ਹਨ ਰੂਹਾਨੀ ਬਾਪ ਦੇ ਕੋਲ ਰਿਫ੍ਰੇਸ਼ ਹੋਣ। ਜਦੋਂ ਰਿਫਰੇਸ਼ ਹੋਕੇ ਵਾਪਿਸ ਜਾਂਦੇ ਹਨ ਤਾਂ ਜਰੂਰ ਜਾਕੇ ਕੁਝ ਕਰਕੇ ਦਿਖਾਉਣਾ ਹੈ। ਇੱਕ - ਇੱਕ ਬੱਚੇ ਨੇ ਸਰਵਿਸ ਦਾ ਸਬੂਤ ਦੇਣਾ ਹੈ। ਜਿਵੇਂ ਕੋਈ - ਕੋਈ ਬੱਚੇ ਕਹਿੰਦੇ ਹਨ ਸਾਡੀ ਸੈਂਟਰ ਖੋਲਣ ਦੀ ਦਿਲ ਹੈ। ਪਿੰਡਾਂ ਵਿੱਚ ਵੀ ਸਰਵਿਸ ਕਰਦੇ ਹਨ ਨਾ। ਤਾਂ ਬੱਚਿਆਂ ਨੂੰ ਹਮੇਸ਼ਾ ਇਹ ਖਿਆਲ ਰਹਿਣਾ ਚਾਹੀਦਾ ਹੈ ਕਿ ਅਸੀਂ ਮਨਸਾ - ਵਾਚਾ - ਕਰਮਣਾ, ਤਨ - ਮਨ - ਧਨ ਨਾਲ ਇਵੇਂ ਸਰਵਿਸ ਕਰੀਏ ਜੋ ਭਵਿੱਖ 21 ਜਨਮਾਂ ਦਾ ਏਵਜ਼ਾ ਬਾਪ ਤੋਂ ਮਿਲੇ। ਇਹ ਹੀ ਓਨਾ ਹੈ। ਅਸੀਂ ਕੁਝ ਕਰਦੇ ਹਾਂ? ਕਿਸੇ ਨੂੰ ਗਿਆਨ ਦਿੰਦੇ ਹਾਂ? ਸਾਰਾ ਦਿਨ ਇਹ ਖ਼ਿਆਲਾਤ ਆਉਣੇ ਚਾਹੀਦੇ ਹਨ। ਭਾਵੇਂ ਸੈਂਟਰ ਖੋਲੀਏ ਪਰ ਘਰ ਵਿੱਚ ਇਸਤਰੀ - ਪੁਰਸ਼ ਦੀ ਅਣਬਨੀ ਨਹੀਂ ਹੋਣੀ ਚਾਹੀਦੀ। ਕੋਈ ਘਮਸਾਨ ਨਹੀਂ ਚਾਹੀਦਾ ਹੈ। ਸੰਨਿਆਸੀ ਲੋਕ ਘਰ ਦੇ ਘਮਸਾਨ ਵਿਚੋਂ ਨਿਕਲ ਜਾਂਦੇ ਹਨ। ਡੋਂਟਕੇਯਰ ਕਰ ਚਲੇ ਜਾਂਦੇ ਹਨ। ਫਿਰ ਗੌਰਮਿੰਟ ਉਨ੍ਹਾਂ ਨੂੰ ਰੋਕਦੀ ਹੈ ਕੀ? ਇਹ ਤਾਂ ਸਿਰਫ ਪੁਰਸ਼ ਹੀ ਨਿਕਲਦੇ ਹਨ। ਹੁਣ ਕੋਈ - ਕੋਈ ਮਾਤਾਵਾਂ ਨਿਕਲਦੀਆਂ ਹਨ, ਜਿਨ੍ਹਾਂ ਦਾ ਕੋਈ ਧਨੀ - ਧੋਨੀ ਨਹੀਂ ਹੁੰਦਾ ਜਾਂ ਵੈਰਾਗ ਆ ਜਾਂਦਾ ਹੈ, ਉਨ੍ਹਾਂ ਨੂੰ ਵੀ ਉਹ ਸੰਨਿਆਸੀ ਪੁਰਸ਼ ਲੋਕ ਬੈਠ ਸਿਖਾਉਂਦੇ ਹਨ। ਉਨ੍ਹਾਂ ਦਵਾਰਾ ਆਪਣਾ ਧੰਦਾ ਕਰਦੇ ਹਨ। ਪੈਸੇ ਆਦਿ ਸਾਰੇ ਉਨ੍ਹਾਂ ਦੇ ਕੋਲ ਰਹਿੰਦੇ ਹਨ। ਅਸਲ ਵਿੱਚ ਘਰ - ਬਾਰ ਛੱਡਿਆ ਤਾਂ ਫਿਰ ਪੈਸੇ ਰੱਖਣ ਦੀ ਲੋੜ ਨਹੀਂ ਰਹਿੰਦੀ। ਤਾਂ ਹੁਣ ਬਾਪ ਬੱਚਿਆਂ ਨੂੰ ਸਮਝਾ ਰਹੇ ਹਨ। ਹਰ ਇੱਕ ਦੀ ਬੁੱਧੀ ਵਿੱਚ ਆਉਣਾ ਚਾਹੀਦਾ ਹੈ - ਸਾਨੂੰ ਬਾਪ ਦਾ ਪਰਿਚੈ ਦੇਣਾ ਹੈ। ਮਨੁੱਖ ਤਾਂ ਕੁਝ ਨਹੀਂ ਜਾਣਦੇ, ਬੇਸਮਝ ਹਨ। ਤੁਸੀਂ ਬੱਚਿਆਂ ਦੇ ਲਈ ਬਾਪ ਦਾ ਫਰਮਾਨ ਹੈ - ਮਿੱਠੇ - ਮਿੱਠੇ ਬੱਚਿਓ, ਤੁਸੀਂ ਆਪਣੇ ਨੂੰ ਆਤਮਾ ਸਮਝੋ, ਸਿਰਫ ਪੰਡਿਤ ਨਹੀਂ ਬਣਨਾ ਹੈ। ਆਪਣਾ ਵੀ ਕਲਿਆਣ ਕਰਨਾ ਹੈ। ਯਾਦ ਨਾਲ ਸਤੋਪ੍ਰਧਾਨ ਬਣਨਾ ਹੈ। ਬਹੁਤ ਪੁਰਸ਼ਾਰਥ ਕਰਨਾ ਹੈ। ਨਹੀਂ ਤਾਂ ਬਹੁਤ ਪਛਤਾਉਣਾ ਪਵੇਗਾ। ਕਹਿੰਦੇ ਹਨ ਬਾਬਾ ਅਸੀਂ ਘੜੀ - ਘੜੀ ਭੁੱਲ ਜਾਂਦੇ ਹਾਂ। ਸੰਕਲਪ ਆ ਜਾਂਦੇ ਹਨ। ਬਾਬਾ ਕਹਿੰਦੇ ਹਨ ਉਹ ਤਾਂ ਆਉਣਗੇ ਹੀ। ਤੁਹਾਨੂੰ ਬਾਪ ਦੀ ਯਾਦ ਵਿੱਚ ਰਹਿ ਸਤੋਪ੍ਰਧਾਨ ਬਣਨਾ ਹੈ। ਆਤਮਾ ਜੋ ਅਪਵਿੱਤਰ ਹੈ, ਉਨ੍ਹਾਂ ਨੂੰ ਪਰਮਪਿਤਾ ਪਰਮਾਤਮਾ ਨੂੰ ਹੀ ਯਾਦ ਕਰ ਪਵਿੱਤਰ ਬਣਨਾ ਹੈ। ਬਾਪ ਹੀ ਬੱਚਿਆਂ ਨੂੰ ਡਾਇਰੈਕਸ਼ਨ ਦਿੰਦੇ ਹਨ - ਹੇ ਫਰਮਾਨਬਰਦਾਰ ਬੱਚਿਓ - ਤੁਹਾਨੂੰ ਫਰਮਾਨ ਕਰਦਾ ਹਾਂ, ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟਣਗੇ। ਪਹਿਲੀ - ਪਹਿਲੀ ਗੱਲ ਹੀ ਇਹ ਸੁਣਾਓ ਕਿ ਨਿਰਾਕਾਰ ਸ਼ਿਵਬਾਬਾ ਕਹਿੰਦੇ ਹਨ ਮੈਨੂੰ ਯਾਦ ਕਰੋ - ਮੈ ਪਤਿਤ - ਪਾਵਨ ਹਾਂ। ਮੇਰੀ ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ ਹੋਰ ਕੋਈ ਉਪਾਏ ਨਹੀਂ। ਨਾ ਕੋਈ ਦੱਸ ਸਕਦੇ ਹਨ। ਢੇਰ ਦੇ ਢੇਰ ਸੰਨਿਆਸੀ ਆਦਿ ਹਨ, ਨਿਮੰਤਰਣ ਦਿੰਦੇ ਹਨ -ਯੋਗ ਕਾਨਫ੍ਰੇਂਸ ਵਿੱਚ ਆਕੇ ਸ਼ਾਮਿਲ ਹੋਣ। ਹੁਣ ਉਨ੍ਹਾਂ ਦੇ ਹਠਯੋਗ ਨਾਲ ਕਿਸੇ ਦਾ ਕਲਿਆਣ ਤਾਂ ਹੋਣਾ ਨਹੀਂ ਹੈ। ਢੇਰ ਯੋਗ ਆਸ਼ਰਮ ਹਨ ਜਿਨ੍ਹਾਂ ਨੂੰ ਇਸ ਰਾਜਯੋਗ ਦਾ ਬਿਲਕੁਲ ਪਤਾ ਹੀ ਨਹੀਂ ਹੈ। ਬਾਪ ਨੂੰ ਹੀ ਨਹੀਂ ਜਾਣਦੇ। ਬੇਹੱਦ ਦਾ ਬਾਪ ਹੀ ਆਕੇ ਸੱਚਾ - ਸੱਚਾ ਯੋਗ ਸਿਖਾਉਂਦੇ ਹਨ। ਬਾਪ ਤੁਸੀਂ ਬੱਚਿਆਂ ਨੂੰ ਆਪਸਮਾਨ ਬਣਾਉਂਦੇ ਹਨ। ਜਿਵੇਂ ਮੈ ਨਿਰਾਕਾਰ ਹਾਂ। ਟੈਮਪਰੇਰੀ ਇਸ ਤਨ ਵਿੱਚ ਆਇਆ ਹਾਂ। ਭਾਗਿਆਸ਼ਾਲੀ ਰਥ ਤਾਂ ਜਰੂਰ ਮਨੁੱਖ ਦਾ ਹੋਵੇਗਾ। ਬੈਲ ਨੂੰ ਤਾਂ ਨਹੀਂ ਕਹਾਂਗੇ। ਬਾਕੀ ਕੋਈ ਘੋੜਾਗਾੜੀ ਆਦਿ ਦੀ ਗੱਲ ਨਹੀਂ ਹੈ। ਨਾ ਲੜਾਈ ਦੀ ਕੋਈ ਗੱਲ ਹੈ। ਤੁਸੀਂ ਜਾਣਦੇ ਹੋ ਸਾਨੂੰ ਮਾਇਆ ਨਾਲ ਹੀ ਲੜਾਈ ਕਰਨੀ ਹੈ। ਗਾਇਆ ਵੀ ਜਾਂਦਾ ਹੈ ਮਾਇਆ ਤੇ ਹਾਰੇ ਹਾਰ….. ਤੁਸੀਂ ਬਹੁਤ ਚੰਗੀ ਰੀਤੀ ਸਮਝਾ ਸਕਦੇ ਹੋ - ਪਰ ਹੁਣ ਸਿੱਖ ਰਹੇ ਹੋ। ਕੋਈ ਸਿੱਖਦੇ - ਸਿੱਖਦੇ ਵੀ ਇੱਕਦਮ ਧਰਨੀ ਤੇ ਡਿੱਗ ਜਾਂਦੇ ਹਨ। ਕੋਈ ਖਿੱਟਖਿੱਟ ਹੋ ਪੈਂਦੀ ਹੈ। ਦੋ ਭੈਣਾਂ ਦੀ ਵੀ ਆਪਸ ਵਿੱਚ ਨਹੀਂ ਬਣਦੀ, ਲੂਨਪਾਣੀ ਹੋ ਜਾਂਦੇ ਹਨ। ਤੁਹਾਡੀ ਆਪਸ ਵਿੱਚ ਕੋਈ ਵੀ ਖਿੱਟ - ਖਿੱਟ ਨਹੀਂ ਹੋਣੀ ਚਾਹੀਦੀ। ਖਿੱਟ - ਖਿੱਟ ਹੋਵੇਗੀ ਤਾਂ ਬਾਪ ਕਹਿਣਗੇ ਇਹ ਕੀ ਸਰਵਿਸ ਕਰਣਗੇ। ਬਹੁਤ ਚੰਗੇ - ਚੰਗੇ ਦਾ ਵੀ ਇਵੇਂ ਹਾਲ ਹੋ ਜਾਂਦਾ ਹੈ। ਹੁਣ ਮਾਲਾ ਬਣਾਈ ਜਾਏ ਤਾਂ ਕਹਿਣਗੇ ਡਿਫੈਕਟਿਡ ਮਾਲਾ ਹੈ। ਇਨ੍ਹਾਂ ਵਿੱਚ ਅਜ੍ਹੁੰਨ ਇਹ - ਇਹ ਅਵਗੁਣ ਹਨ। ਡਰਾਮਾ ਪਲਾਨ ਅਨੁਸਾਰ ਬਾਬਾ ਸਰਵਿਸ ਵੀ ਕਰਾਉਂਦੇ ਰਹਿੰਦੇ ਹਨ। ਡਾਇਰੈਕਸ਼ਨ ਦਿੰਦੇ ਰਹਿੰਦੇ ਹਨ। ਦਿੱਲੀ ਵਿੱਚ ਚਾਰੋਂ ਪਾਸੇ ਸੇਵਾ ਦਾ ਘੇਰਾਵ ਪਾਓ। ਇਹ ਸਿਰਫ ਇੱਕ ਨੂੰ ਥੋੜੀ ਕਰਨਾ ਹੈ। ਆਪਸ ਵਿੱਚ ਮਿਲਕੇ ਸਲਾਹ ਕਰਨੀ ਚਾਹੀਦੀ ਹੈ। ਸਭ ਇੱਕ ਮਤ ਹੋਣੇ ਚਾਹੀਦੇ ਹਨ। ਬਾਬਾ ਇੱਕ ਹੈ ਪਰੰਤੂ ਮਦਦਗਾਰ ਬੱਚਿਆਂ ਬਿਗਰ ਕੰਮ ਥੋੜ੍ਹੀ ਨਾ ਕਰਨਗੇ। ਤੁਸੀਂ ਸੈਂਟਰਜ਼ ਖੋਲਦੇ ਹੋ, ਮੱਤ ਲੈਂਦੇ ਹੋ। ਬਾਬਾ ਪੁੱਛਦੇ ਹਨ ਮਦਦ ਕਰਨ ਵਾਲੇ ਹੋ? ਕਹਿੰਦੇ ਹਨ - ਹਾਂ ਬਾਬਾ, ਜੇ ਮਦਦ ਦੇਣ ਵਾਲੇ ਨਹੀਂ ਹੋਣਗੇ ਤਾਂ ਕੁਝ ਕਰ ਨਹੀਂ ਸਕਣਗੇ। ਘਰ ਵਿੱਚ ਵੀ ਮਿੱਤਰ - ਸੰਬੰਧੀ ਆਦਿ ਆਉਂਦੇ ਹਨ ਨਾ। ਭਾਵੇਂ ਗਾਲੀ ਦੇਣ, ਉਹ ਤੁਹਾਨੂੰ

ਕੱਟਦੇ ਰਹਿਣਗੇ। ਤੁਹਾਨੂੰ ਉਸਦੀ ਪਰਵਾਹ ਨਹੀਂ ਕਰਨੀ ਹੈ।

ਤੁਸੀਂ ਬੱਚਿਆਂ ਨੂੰ ਆਪਸ ਵਿੱਚ ਬੈਠ ਕੇ ਰਾਏ ਕਰਨੀ ਚਾਹੀਦੀ ਹੈ। ਜਿਵੇਂ ਸੈਂਟਰਜ਼ ਖੋਲਦੇ ਹਨ ਤਾਂ ਵੀ ਸਭ ਮਿਲਕੇ ਲਿਖਦੇ ਹਨ - ਬਾਬਾ ਅਸੀਂ ਬ੍ਰਾਹਮਣੀ ਦੀ ਰਾਏ ਨਾਲ ਇਹ ਕੰਮ ਕਰਦੇ ਹਾਂ। ਸਿੰਧੀ ਭਾਸ਼ਾ ਵਿੱਚ ਕਹਿੰਦੇ ਹਨ - ਬ ਤ ਬਾਰਾ (ਇੱਕ ਦੇ ਨਾਲ 2 ਮਿਲਨੇ ਤੇ 12 ਹੋ ਜਾਂਦੇ ਹਨ) 12 ਹੋਣਗੇ ਤਾਂ ਹੋਰ ਹੀ ਚੰਗੀ ਰਾਏ ਨਿਕਲੇਗੀ। ਕਿਤੇ - ਕਿਤੇ ਇੱਕ - ਦੂਜੇ ਦੀ ਰਾਏ ਨਹੀਂ ਲੈਂਦੇ ਹਨ। ਹੁਣ ਇਵੇਂ ਕੋਈ ਕੰਮ ਹੋ ਸਕਦਾ ਹੈ ਕੀ? ਬਾਬਾ ਕਹਿਣਗੇ ਜਦੋਂ ਤੱਕ ਤੁਹਾਡਾ ਆਪਸ ਵਿੱਚ ਸੰਗਠਨ ਹੀ ਨਹੀਂ ਤਾਂ ਤੁਸੀਂ ਇੰਨਾ ਵੱਡਾ ਕੰਮ ਕਿਵੇਂ ਕਰ ਸਕੋਗੇ। ਛੋਟੀ ਦੁਕਾਨ, ਵੱਡੀ ਦੁਕਾਨ ਵੀ ਹੁੰਦੀ ਹੈ ਨਾ। ਆਪਸ ਵਿੱਚ ਮਿਲਕੇ ਸੰਗਠਨ ਕਰਦੇ ਹਨ। ਇਵੇਂ ਕੋਈ ਨਹੀਂ ਕਹਿੰਦੇ ਬਾਬਾ ਤੁਸੀਂ ਮਦਦ ਕਰੋ। ਪਹਿਲੇ ਤਾਂ ਮਦਦਗਾਰ ਬਣਾਉਣਾ ਚਾਹੀਦਾ ਹੈ। ਫਿਰ ਬਾਬਾ ਕਹਿੰਦੇ ਹਨ - ਹਿੰਮਤੇ ਬੱਚੇ ਮਦਦੇ ਬਾਪ। ਪਹਿਲੇ ਤਾਂ ਆਪਣੇ ਮਦਦਗਾਰ ਬਣਾਓ। ਬਾਬਾ ਅਸੀਂ ਇੰਨਾ ਕਰਦੇ ਹਾਂ ਬਾਕੀ ਆਪ ਮਦਦ ਦੋ। ਇਵੇਂ ਨਹੀਂ, ਪਹਿਲੇ ਤੁਸੀਂ ਮਦਦ ਕਰੋ। ਹਿੰਮਤੇ ਮਰਦਾ... ਉਨ੍ਹਾਂ ਦਾ ਵੀ ਅਰਥ ਨਹੀਂ ਸਮਝਦੇ। ਪਹਿਲੇ ਤਾਂ ਬੱਚਿਆਂ ਦੀ ਹਿੰਮਤ ਚਾਹੀਦੀ ਹੈ। ਕੌਣ - ਕੌਣ ਕੀ ਮਦਦ ਦਿੰਦੇ ਹਨ? ਪੋਤਾਮੇਲ ਸਾਰਾ ਲਿਖਣਗੇ - ਫਲਾਣੇ - ਫਲਾਣੇ ਇਹ ਮਦਦ ਦਿੰਦੇ ਹਨ। ਕਾਇਦੇ ਸਿਰ ਲਿਖ ਕੇ ਦੇਣਗੇ। ਬਾਕੀ ਇਵੇਂ ਥੋੜੀ ਇੱਕ - ਇੱਕ ਕਹਿਣਗੇ ਅਸੀਂ ਸੈਂਟਰ ਖੋਲਦੇ ਹਾਂ ਮਦਦ ਦੋ। ਇਵੇਂ ਤਾਂ ਬਾਬਾ ਨਹੀਂ ਖੋਲ ਸਕਦਾ ਹੈ ਕੀ? ਪਰ ਇਵੇਂ ਤਾਂ ਹੋ ਨਹੀਂ ਸਕਦਾ। ਕਮੇਟੀ ਨੂੰ ਆਪਸ ਵਿੱਚ ਮਿਲਣਾ ਹੁੰਦਾ ਹੈ। ਤੁਹਾਡੇ ਵਿੱਚ ਵੀ ਨੰਬਰਵਾਰ ਹਨ ਨਾ। ਕੋਈ ਤਾਂ ਬਿਲਕੁਲ ਕੁਝ ਵੀ ਨਹੀਂ ਸਮਝਦੇ। ਕੋਈ ਬਹੁਤ ਹਰਸ਼ਿਤ ਹੁੰਦੇ ਰਹਿੰਦੇ ਹਨ। ਬਾਬਾ ਤਾਂ ਸਮਝਦੇ ਹਨ ਇਸ ਗਿਆਨ ਵਿੱਚ ਬਹੁਤ ਖੁਸ਼ੀ ਰਹਿਣੀ ਚਾਹੀਦੀ ਹੈ। ਇੱਕ ਹੀ ਬਾਪ, ਟੀਚਰ, ਗੁਰੂ ਮਿਲਦਾ ਹੈ ਤਾਂ ਖੁਸ਼ੀ ਹੋਣੀ ਚਾਹੀਦੀ ਹੈ ਨਾ। ਦੁਨੀਆਂ ਵਿੱਚ ਇਹ ਗੱਲਾਂ ਕੋਈ ਨਹੀਂ ਜਾਣਦੇ। ਸ਼ਿਵਬਾਬਾ ਹੀ ਗਿਆਨ ਸਾਗਰ, ਪਤਿਤ - ਪਾਵਨ, ਸਰਵ ਦਾ ਸਦਗਤੀ ਦਾਤਾ ਹੈ। ਸਭ ਦਾ ਫਾਦਰ ਵੀ ਇੱਕ ਹੈ। ਇਹ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਉਹ ਹੀ ਨਾਲੇਜਫੁਲ, ਲਿਬ੍ਰੇਟਰ, ਗਾਈਡ ਹੈ। ਤਾਂ ਬਾਪ ਦੀ ਮੱਤ ਤੇ ਚਲਣਾ ਪਵੇ। ਆਪਸ ਵਿੱਚ ਮਿਲ ਕੇ ਰਾਏ ਕਰਨੀ ਹੈ। ਖਰਚਾ ਕਰਨਾ ਹੈ। ਇੱਕ ਦੀ ਮਤ ਤੇ ਤਾਂ ਨਹੀਂ ਚਲ ਸਕਦੇ। ਮਦਦਗਾਰ ਸਭ ਚਾਹੀਦੇ ਹਨ। ਇਹ ਵੀ ਬੁੱਧੀ ਚਾਹੀਦੀ ਹੈ ਨਾ। ਤੁਸੀਂ ਬੱਚਿਆਂ ਨੂੰ ਘਰ - ਘਰ ਵਿੱਚ ਮੈਸੇਜ ਦੇਣਾ ਹੈ। ਪੁੱਛਦੇ ਹਨ - ਸ਼ਾਦੀ ਵਿੱਚ ਨਿਮੰਤਰਣ ਮਿਲਦਾ ਹੈ, ਜਾਈਏ? ਬਾਬਾ ਕਹਿੰਦੇ ਹਨ - ਕਿਓਂ ਨਹੀਂ, ਜਾਓ, ਜਾਕੇ ਆਪਣੀ ਸਰਵਿਸ ਕਰੋ। ਬਹੁਤਿਆਂ ਦਾ ਕਲਿਆਣ ਕਰੋ। ਭਾਸ਼ਣ ਵੀ ਕਰ ਸਕਦੇ ਹੋ। ਮੌਤ ਸਾਹਮਣੇ ਖੜਿਆ ਹੈ, ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਇੱਥੇ ਸਭ ਪਾਪ ਆਤਮਾਵਾਂ ਹਨ। ਬਾਪ ਨੂੰ ਹੀ ਗਾਲੀ ਦਿੰਦੇ ਰਹਿੰਦੇ ਹਨ। ਬਾਪ ਤੋਂ ਤੁਹਾਨੂੰ ਬੇਮੁਖ ਕਰ ਦਿੰਦੇ ਹਨ। ਗਾਇਨ ਵੀ ਹੈ ਵਿਨਾਸ਼ ਕਾਲੇ ਵਿਪਰੀਤ ਬੁੱਧੀ ਕਿਸ ਨੇ ਕਿਹਾ? ਬਾਪ ਨੇ ਖ਼ੁਦ ਕਿਹਾ ਹੈ - ਮੇਰੇ ਨਾਲ ਪ੍ਰੀਤ ਬੁੱਧੀ ਨਹੀਂ ਹੈ। ਵਿਨਾਸ਼ ਕਾਲੇ ਵਿਪਰੀਤ ਬੁੱਧੀ ਹੈ। ਮੈਨੂੰ ਜਾਣਦੇ ਹੀ ਨਹੀਂ। ਜਿਨ੍ਹਾਂ ਦੀ ਪ੍ਰੀਤ ਬੁੱਧੀ ਹੈ, ਜੋ ਮੈਨੂੰ ਯਾਦ ਕਰਦੇ ਹਨ, ਉਹ ਹੀ ਵਿਜੇ ਪਾਉਣਗੇ। ਭਾਵੇਂ ਪ੍ਰੀਤ ਹੈ ਪਰ ਯਾਦ ਨਹੀਂ ਕਰਦੇ ਹਨ ਤਾਂ ਵੀ ਘੱਟ ਪਦਵੀ ਪਾ ਲੈਣਗੇ। ਬਾਪ ਬੱਚਿਆਂ ਨੂੰ ਡਾਇਰੈਕਸ਼ਨ ਦਿੰਦੇ ਹਨ। ਮੂਲ ਗੱਲ ਸਭ ਨੂੰ ਮੈਸੇਜ ਦੇਣਾ ਹੈ। ਬਾਪ ਨੂੰ ਯਾਦ ਕਰੋ ਤਾਂ ਪਾਵਨ ਬਣ, ਪਾਵਨ ਦੁਨੀਆਂ ਦਾ ਮਾਲਿਕ ਬਣੋ। ਡਰਾਮਾ ਅਨੁਸਾਰ ਬਾਬਾ ਨੂੰ ਲੈਣਾ ਵੀ ਬੁੱਢਾ ਸ਼ਰੀਰ ਪੈਂਦਾ ਹੈ। ਵਾਨਪ੍ਰਸਥ ਵਿੱਚ ਪ੍ਰਵੇਸ਼ ਕਰਦੇ ਹਨ। ਮਨੁੱਖ ਵਾਨਪ੍ਰਸਥ ਅਵਸਥਾ ਵਿੱਚ ਹੀ ਭਗਵਾਨ ਨਾਲ ਮਿਲਣ ਦੇ ਲਈ ਮਿਹਨਤ ਕਰਦੇ ਹਨ। ਭਗਤੀ ਵਿੱਚ ਤਾਂ ਸਮਝਦੇ ਹਨ - ਜਪ - ਤਪ ਆਦਿ ਕਰਨਾ ਇਹ ਸਭ ਭਗਵਾਨ ਨਾਲ ਮਿਲਣ ਦੇ ਰਸਤੇ ਹਨ। ਕਦੋਂ ਮਿਲੇਗਾ ਉਹ ਕੁਝ ਪਤਾ ਨਹੀਂ। ਜਨਮ - ਜਨਮਾਂਤ੍ਰ ਭਗਤੀ ਕਰਦੇ ਆਏ ਹਨ। ਭਗਵਾਨ ਤਾਂ ਕਿਸੇ ਨੂੰ ਮਿਲਦਾ ਹੀ ਨਹੀਂ। ਇਹ ਨਹੀਂ ਸਮਝਦੇ ਬਾਬਾ ਆਉਣਗੇ ਹੀ ਉਦੋਂ, ਜਦੋਂ ਪੁਰਾਣੀ ਦੁਨੀਆਂ ਨੂੰ ਨਵਾਂ ਬਣਾਉਣਾ ਹੋਵੇਗਾ। ਰਚਤਾ ਬਾਪ ਹੀ ਹੈ, ਚਿੱਤਰ ਤਾਂ ਹੈ ਪਰ ਤ੍ਰਿਮੂਰਤੀ ਵਿੱਚ ਸ਼ਿਵ ਨੂੰ ਨਹੀਂ ਵਿਖਾਉਂਦੇ ਹਨ। ਸ਼ਿਵਬਾਬਾ ਬਗੈਰ ਬ੍ਰਹਮਾ - ਵਿਸ਼ਨੂੰ - ਸ਼ੰਕਰ ਵਿਖਾਏ ਹਨ, ਜਿਵੇਂ ਗਲਾ ਕੱਟਿਆ ਹੋਇਆ ਹੈ। ਬਾਪ ਦੇ ਬਗੈਰ ਨਿਧਨਕੇ ਬਣ ਪੈਂਦੇ ਹਨ। ਬਾਪ ਕਹਿੰਦੇ ਹਨ ਮੈ ਆਕੇ ਤੁਹਾਨੂੰ ਧਨੀ ਦਾ ਬਣਾਉਂਦਾ ਹਾਂ। 21 ਜਨਮ ਤੁਸੀਂ ਧਨੀ ਦੇ ਬਣ ਜਾਂਦੇ ਹੋ। ਕੋਈ ਤਕਲੀਫ ਨਹੀਂ ਰਹਿੰਦੀ। ਤੁਸੀਂ ਵੀ ਕਹੋਗੇ - ਜਦੋਂ ਤੱਕ ਬਾਪ ਨਹੀਂ ਮਿਲਿਆ ਹੈ, ਤਾਂ ਅਸੀਂ ਵੀ ਬਿਲਕੁਲ ਨਿਧਨਕੇ ਤੁੱਛ ਬੁੱਧੀ ਸੀ। ਪਤਿਤ - ਪਾਵਨ ਕਹਿੰਦੇ ਹਨ - ਪਰ ਉਹ ਕਦੋਂ ਆਉਣਗੇ, ਇਹ ਨਹੀਂ ਜਾਣਦੇ। ਪਾਵਨ ਦੁਨੀਆਂ ਹੈ ਹੀ ਨਵੀਂ ਦੁਨੀਆਂ। ਬਾਪ ਕਿੰਨਾ ਸਿੰਪਲ ਸਮਝਾਉਂਦੇ ਹਨ। ਤੁਹਾਨੂੰ ਵੀ ਸਮਝ ਵਿੱਚ ਆਉਂਦਾ ਹੈ, ਅਸੀਂ ਬਾਪ ਦੇ ਬਣੇ ਹਾਂ, ਸ੍ਵਰਗ ਦੇ ਮਾਲਿਕ ਜਰੂਰ ਬਣਨਗੇ। ਸ਼ਿਵਬਾਬਾ ਹੈ ਬੇਹੱਦ ਦਾ ਮਾਲਿਕ। ਬਾਪ ਨੇ ਹੀ ਆਕੇ ਸੁਖ - ਸ਼ਾਂਤੀ ਦਾ ਵਰਸਾ ਦਿਤਾ ਸੀ। ਸਤਯੁਗ ਵਿੱਚ ਸੁਖ ਸੀ - ਬਾਕੀ ਸਭ ਆਤਮਾਵਾਂ ਸ਼ਾਂਤੀਧਾਮ ਵਿੱਚ ਸਨ। ਹੁਣ ਇਨ੍ਹਾਂ ਗੱਲਾਂ ਨੂੰ ਤੁਸੀਂ ਸਮਝਦੇ ਹੋ। ਸ਼ਿਵਬਾਬਾ ਕਿਓਂ ਆਇਆ ਹੋਵੇਗਾ? ਜਰੂਰ ਨਵੀਂ ਦੁਨੀਆਂ ਰਚਨ। ਪਤਿਤ ਨੂੰ ਪਾਵਨ ਬਣਾਉਣ ਆਏ ਹੋਣਗੇ। ਉੱਚ ਕੰਮ ਕੀਤਾ ਹੋਵੇਗਾ, ਮਨੁੱਖ ਬਿਲਕੁਲ ਘੋਰ ਹਨ੍ਹੇਰੇ ਵਿੱਚ ਹਨ। ਬਾਪ ਕਹਿੰਦੇ ਹਨ ਇਹ ਵੀ ਡਰਾਮਾ ਵਿੱਚ ਨੂੰਧ ਹੈ। ਤੁਸੀਂ ਬੱਚਿਆਂ ਨੂੰ ਬਾਪ ਬੈਠ ਜਗਾਉਂਦੇ ਹਨ। ਤੁਹਾਨੂੰ ਹੁਣ ਇਸ ਸਾਰੇ ਡਰਾਮੇ ਦਾ ਪਤਾ ਹੈ - ਕਿਵੇਂ ਨਵੀਂ ਦੁਨੀਆਂ ਫਿਰ ਪੁਰਾਣੀ ਹੁੰਦੀ ਹੈ। ਬਾਪ ਕਹਿੰਦੇ ਹਨ ਹੋਰ ਸਭ ਕੁਝ ਛੱਡ ਇੱਕ ਬਾਪ ਨੂੰ ਯਾਦ ਕਰੋ। ਸਾਨੂੰ ਕਿਸੇ ਨਾਲ ਨਫਰਤ ਨਹੀਂ ਆਉਂਦੀ। ਇਹ ਸਮਝਾਉਣਾ ਪੈਂਦਾ ਹੈ। ਡਰਾਮਾ ਅਨੁਸਾਰ ਮਾਇਆ ਦਾ ਰਾਜ ਵੀ ਹੋਣਾ ਹੈ। ਹੁਣ ਫਿਰ ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਹੁਣ ਇਹ ਚੱਕਰ ਪੂਰਾ ਹੁੰਦਾ ਹੈ। ਹੁਣ ਤੁਹਾਨੂੰ ਈਸ਼ਵਰੀ ਮੱਤ ਮਿਲਦੀ ਹੈ, ਉਸ ਤੇ ਚਲਣਾ ਹੈ। ਹੁਣ 5 ਵਿਕਾਰਾਂ ਦੀ ਮਤ ਤੇ ਨਹੀਂ ਚਲਣਾ ਹੈ। ਅੱਧਾ ਕਲਪ ਤੁਸੀਂ ਮਾਇਆ ਦੀ ਮਤ ਤੇ ਚਲ ਤਮੋਪ੍ਰਧਾਨ ਬਣੇ ਹੋ। ਹੁਣ ਮੈਂ ਤੁਹਾਨੂੰ ਸਤੋਪ੍ਰਧਾਨ ਬਣਾਉਣ ਆਇਆ ਹਾਂ। ਸਤੋਪ੍ਰਧਾਨ, ਤਮੋਪ੍ਰਧਾਨ ਦਾ ਇਹ ਖੇਡ ਹੈ। ਗਲਾਨੀ ਦੀ ਕੋਈ ਗੱਲ ਨਹੀਂ। ਕਹਿੰਦੇ ਹਨ ਭਗਵਾਨ ਨੇ ਇਹ ਆਵਾਗਮਨ ਦਾ ਨਾਟਕ ਹੀ ਕਿਓਂ ਰਚਿਆ? ਕਿਓਂ ਦਾ ਸਵਾਲ ਹੀ ਨਹੀਂ ਉੱਠਦਾ। ਇਹ ਤਾਂ ਡਰਾਮਾ ਦਾ ਚੱਕਰ ਹੈ, ਜੋ ਫਿਰ ਰਪੀਟ ਹੁੰਦਾ ਰਹਿੰਦਾ ਹੈ। ਧਰਮ ਅਨਾਦਿ ਹੈ। ਹੁਣ ਹੈ ਕਲਯੁਗ, ਸਤਯੁਗ ਪਾਸਟ ਹੋ ਗਿਆ

ਹੈ। ਹੁਣ ਫਿਰ ਬਾਪ ਆਏ ਹਨ। ਬਾਬਾ - ਬਾਬਾ ਕਹਿੰਦੇ ਰਹੋ ਤਾਂ ਕਲਿਆਣ ਹੁੰਦਾ ਰਹੇਗਾ। ਬਾਪ ਕਹਿੰਦੇ ਹਨ ਇਹ ਅਤਿ ਗੂੜ ਰਮਣੀਕ ਗੱਲਾਂ ਹਨ। ਕਹਿੰਦੇ ਹਨ ਸ਼ੇਰਨੀ ਦੇ ਦੁੱਧ ਲਈ ਸੋਨੇ ਦਾ ਬਰਤਨ ਚਾਹੀਦਾ ਹੈ। ਸੋਨੇ ਦੀ ਬੁੱਧੀ ਕਿਵੇਂ ਬਣੇਗੀ? ਆਤਮਾ ਵਿੱਚ ਹੀ ਬੁੱਧੀ ਹੈ ਨਾ। ਆਤਮਾ ਕਹਿੰਦੀ ਹੈ - ਮੇਰੀ ਬੁੱਧੀ ਹੁਣ ਬਾਬਾ ਵੱਲ ਹੈ। ਮੈ ਬਾਬਾ ਨੂੰ ਬਹੁਤ ਯਾਦ ਕਰਦਾ ਹਾਂ। ਬੈਠੇ - ਬੈਠੇ ਬੁੱਧੀ ਹੋਰ ਪਾਸੇ ਚਲੀ ਜਾਂਦੀ ਹੈ ਨਾ। ਬੁੱਧੀ ਵਿੱਚ ਧੰਧਾਧੋਰੀ ਯਾਦ ਆਉਂਦਾ ਰਹੇਗਾ। ਤਾਂ ਤੁਹਾਡੀ ਗੱਲ ਜਿਵੇਂ ਸੁਣਨਗੇ ਨਹੀਂ। ਮਿਹਨਤ ਹੈ। ਜਿੰਨਾ - ਜਿੰਨਾ ਮੌਤ ਨੇੜ੍ਹੇ ਆਉਂਦਾ ਜਾਵੇਗਾ - ਤੁਸੀਂ ਯਾਦ ਵਿੱਚ ਬਹੁਤ ਰਹੋਗੇ। ਮਰਨ ਸਮੇਂ ਸਭ ਕਹਿੰਦੇ ਹਨ ਭਗਵਾਨ ਨੂੰ ਯਾਦ ਕਰੋ। ਹੁਣ ਬਾਪ ਆਪ ਕਹਿੰਦੇ ਹਨ ਮੈਨੂੰ ਯਾਦ ਕਰੋ। ਤੁਸੀਂ ਸਭ ਦੀ ਵਾਨਪ੍ਰਸਥ ਅਵਸਥਾ ਹੈ। ਵਾਪਿਸ ਜਾਣਾ ਹੈ ਇਸਲਈ ਹੁਣ ਮੈਨੂੰ ਯਾਦ ਕਰੋ। ਦੂਜੀ ਕੋਈ ਗੱਲ ਨਹੀਂ ਸੁਣੋ। ਜਨਮ - ਜਨਮਾਂਤ੍ਰ ਦੇ ਪਾਪ ਦਾ ਬੋਝਾ ਤੁਹਾਡੇ ਸਿਰ ਤੇ ਹੈ। ਸ਼ਿਵਬਾਬਾ ਕਹਿੰਦੇ ਹਨ ਇਸ ਸਮੇਂ ਸਭ ਅਜਾਮਿਲ ਹਨ। ਮੂਲ ਗੱਲ ਹੈ ਯਾਦ ਦੀ ਯਾਤਰਾ ਜਿਸ ਨਾਲ ਤੁਸੀਂ ਪਾਵਨ ਬਣੋਗੇ ਫਿਰ ਆਪਸ ਵਿੱਚ ਪ੍ਰੇਮ ਵੀ ਹੋਣਾ ਚਾਹੀਦਾ ਹੈ। ਇੱਕ - ਦੂਜੇ ਦੀ ਰਾਏ ਲੈਣੀ ਚਾਹੀਦੀ ਹੈ। ਬਾਪ ਪ੍ਰੇਮ ਦਾ ਸਾਗਰ ਹੈ ਨਾ। ਤਾਂ ਤੁਸੀਂ ਵੀ ਆਪਸ ਵਿੱਚ ਬਹੁਤ ਪਿਆਰੇ ਹੋਣੇ ਚਾਹੀਦੇ ਹਨ। ਦੇਹੀ - ਅਭਿਮਾਨੀ ਬਣ ਬਾਪ ਨੂੰ ਯਾਦ ਕਰਨਾ ਹੈ। ਭੈਣ - ਭਰਾ ਦਾ ਸੰਬੰਧ ਵੀ ਤੋੜਨਾ ਪੈਂਦਾ ਹੈ। ਭਰਾ - ਭੈਣ ਨਾਲ ਵੀ ਯੋਗ ਨਹੀਂ ਰੱਖੋ। ਇੱਕ ਬਾਪ ਨਾਲ ਹੀ ਯੋਗ ਰੱਖੋ। ਬਾਪ ਆਤਮਾਵਾਂ ਨੂੰ ਕਹਿੰਦੇ ਹਨ - ਮੈਨੂੰ ਯਾਦ ਕਰੋ ਤਾਂ ਤੁਹਾਡੀ ਵਿਕਾਰੀ ਦ੍ਰਿਸ਼ਟੀ ਖਲਾਸ ਹੋ ਜਾਵੇ। ਕਰਮ ਇੰਦਰੀਆਂ ਨਾਲ ਕੋਈ ਵਿਕਰਮ ਨਹੀ ਕਰਨਾ ਚਾਹੀਦਾ ਹੈ। ਮਨਸਾ ਵਿੱਚ ਤੂਫ਼ਾਨ ਜਰੂਰ ਆਉਣਗੇ। ਇਹ ਵੱਡੀ ਮੰਜ਼ਿਲ ਹੈ। ਬਾਬਾ ਕਹਿੰਦੇ ਹਨ ਵੇਖੋ ਕਰਮਇੰਦਰੀਆਂ ਧੋਖਾ ਦਿੰਦੀਆਂ ਹਨ ਤਾਂ ਖ਼ਬਰਦਾਰ ਹੋ ਜਾਓ। ਜੋ ਉਲਟਾ ਕੰਮ ਕਰ ਲਿਤਾ ਤਾਂ ਖਲਾਸ। ਚੜੇ ਤਾਂ ਚੱਖੇ ਬੈਕੁੰਠ ਦਾ ਮਾਲਿਕ...ਮਿਹਨਤ ਦੇ ਸਿਵਾਏ ਥੋੜੀ ਕੁਝ ਹੁੰਦਾ ਹੈ। ਬਹੁਤ ਮਿਹਨਤ ਹੈ। ਦੇਹ ਸਾਹਿਤ ਦੇਹ ਦੇ… ਕਿਸੇ - ਕਿਸੇ ਨੂੰ ਤੇ ਬੰਧੰਨ ਨਹੀਂ ਹਨ ਤਾਂ ਵੀ ਫੰਸੇ ਰਹਿੰਦੇ ਹਨ। ਬਾਪ ਦੀ ਸ਼੍ਰੀਮਤ ਤੇ ਨਹੀਂ ਚਲਦੇ ਹਨ। ਲੱਖ ਦੋ ਹਨ ਭਾਵੇਂ ਵੱਡਾ ਕੁਟੁੰਬ ਹੈ ਤਾਂ ਵੀ ਬਾਬਾ ਕਹਿਣਗੇ ਜਾਸਤੀ ਧੰਧੇ ਆਦਿ ਵਿੱਚ ਨਹੀਂ ਫੰਸੋ। ਵਾਣਪ੍ਰਸਥੀ ਬਣ ਜਾਓ। ਖਰਚਾ ਆਦਿ ਘੱਟ ਕਰ ਲੋ। ਗਰੀਬ ਲੋਕ ਕਿੰਨਾ ਸਾਧਾਰਨ ਚਲਦੇ ਹਨ। ਹੁਣ ਕੀ - ਕੀ ਚੀਜ਼ਾਂ ਨਿਕਲੀਆਂ ਹਨ, ਗੱਲ ਨਾ ਪੁਛੋ। ਖਰਚਾ ਹੀ ਖਰਚਾ ਸ਼ਾਹੂਕਾਰਾਂ ਦਾ ਚਲਦਾ ਹੈ। ਨਹੀਂ ਤਾਂ ਢਿੱਡ ਨੂੰ ਕੀ ਚਾਹੀਦਾ? ਇਕ ਪਾਵ ਆਟਾ। ਬਸ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਸ ਵਿੱਚ ਬਹੁਤ - ਬਹੁਤ ਪਿਆਰੇ ਬਣਨਾ ਹੈ ਪਰ ਭਰਾ - ਭੈਣ ਨਾਲ ਯੋਗ ਨਹੀਂ ਰੱਖਣਾ ਹੈ। ਕਰਮਇੰਦਰੀਆਂ ਨਾਲ ਕੋਈ ਵੀ ਵਿਕਰਮ ਨਹੀਂ ਕਰਨਾ ਹੈ।

2. ਇੱਕ ਈਸ਼ਵਰੀ ਮਤ ਤੇ ਚਲ ਕੇ ਸਤੋਪ੍ਰਧਾਨ ਬਣਨਾ ਹੈ। ਮਾਇਆ ਦੀ ਮਤ ਛੱਡ ਦੇਣੀ ਹੈ। ਆਪਸ ਵਿੱਚ ਸੰਗਠਨ ਮਜਬੂਤ ਕਰਨਾ ਹੈ, ਇੱਕ - ਦੂਜੇ ਦੇ ਮਦਦਗਾਰ ਬਣਨਾ ਹੈ।

ਵਰਦਾਨ:- ਲਕਸ਼ ਦੇ ਅਨੁਸਾਰ ਲਕਸ਼ਨ ਦੇ ਬੈਲੇਂਸ ਦੀ ਕਲਾ ਦ੍ਵਾਰਾ ਚੜਦੀ ਕਲਾ ਦਾ ਅਨੁਭਵ ਕਰਨ ਵਾਲੇ ਬਾਪ ਸਮਾਨ ਸੰਪੰਨ ਭਵ।

ਬੱਚਿਆਂ ਵਿਚ ਵਿਸ਼ਵ ਕਲਿਆਣ ਦੀ ਕਾਮਨਾ ਵੀ ਹੈ ਤਾਂ ਬਾਪ ਸਮਾਨ ਬਣਨ ਦੀ ਸ੍ਰੇਸ਼ਠ ਇੱਛਾ ਵੀ ਹੈ, ਲੇਕਿਨ ਲਕਸ਼ ਦੇ ਸਮਾਨ ਲਕਸ਼ ਖੁਦ ਨੂੰ ਅਤੇ ਸਭ ਨੂੰ ਵਿਖਾਈ ਦੇਣ ਉਸ ਵਿੱਚ ਫਰਕ ਹੈ ਇਸਲਈ ਬੈਲੈਂਸ ਕਰਨ ਦੀ ਕਲਾ ਵਿਚ ਲਿਆ ਕੇ ਇਸ ਫਰਕ ਨੂੰ ਮਿਟਾਓ। ਸੰਕਲਪ ਹੈ ਲੇਕਿਨ ਦ੍ਰਿੜਤਾ ਸੰਪੰਨ ਸੰਕਲਪ ਹੋਵੇ ਤਾਂ ਬਾਪ ਸਮਾਨ ਸੰਪੰਨ ਬਣਨ ਦ ਵਰਦਾਨ ਪ੍ਰਾਪਤ ਹੋ ਜਾਵੇਗਾ। ਹੁਣ ਜੋ ਸਵਦ੍ਰਸ਼ਨ ਅਤੇ ਪਰਦਰਸ਼ਨ ਦੋਵੇਂ ਚਕ੍ਰ ਘੁਮੰਦੇ ਹਨ, ਵਿਅਰਥ ਗੱਲਾਂ ਦੇ ਜੋ ਤ੍ਰਿਕਾਲਦਰਸ਼ੀ ਬਣ ਜਾਂਦੇ ਹੋ - ਇਸ ਦਾ ਪਰਿਵਰਤਨ ਕਰ ਸਵਚਿੰਤਕ ਸਵਦ੍ਰਸ਼ਨ ਚਕ੍ਰਧਾਰੀ ਬਣੋ।

ਸਲੋਗਨ:- ਸੇਵਾ ਦਾ ਭਾਗ ਪ੍ਰਾਪਤ ਹੋਣਾ ਹੀ ਸਭ ਤੋਂ ਵੱਡਾ ਭਾਗ ਹੈ।

******

ਅਵਿਅਕਤ ਇਸ਼ਾਰੇ : - ਅਸ਼ਰੀਰੀ ਅਤੇ ਵਿਦੇਹੀ ਸਥਿਤੀ ਦਾ ਅਭਿਆਸ ਵਧਾਓ।

ਅਭਿਆਸ ਕਰੋ - ਦੇਹ ਅਤੇ ਦੇਹ ਦੇ ਦੇਸ਼ ਨੂੰ ਭੁੱਲ ਅਸ਼ਰੀਰੀ ਪਰਮਧਾਮ ਨਿਵਾਸੀ ਬਣ ਜਾਵੋ, ਫਿਰ ਪਰਮਧਾਮ ਨਿਵਾਸੀ ਤੋਂ ਅਵਿਅਕਤ ਸਥਿਤੀ ਵਿਚ ਸਥਿਤ ਹੋ ਜਾਵੋ, ਫਿਰ ਸੇਵਾ ਦੇ ਲਈ ਆਵਾਜ ਵਿੱਚ ਆਵੋ, ਸੇਵਾ ਕਰਦੇ ਹੋਏ ਵੀ ਆਪਣੇ ਸਵਰੂਪ ਦੀ ਸਮ੍ਰਿਤੀ ਵਿੱਚ ਰਹੋ, ਆਪਣੀ ਬੁੱਧੀ ਨੂੰ ਜਿਥੇ ਚਾਹੋ ਉਥੇ ਇੱਕ ਸੈਕਿੰਡ ਤੋਂ ਵੀ ਘਟ ਸਮੇਂ ਵਿਚ ਲਗਾ ਲਵੋ ਤਾਂ ਪਾਸ ਵਿਧ ਆਨਰ ਬਣੋਗੇ।